# ਉੱਤਰ-ਕੁੰਜੀ

# ANSWER KEY

## ਪੰਜਾਬੀ

## 004

**SQP (2019-20)**

*Time allowed : 3 hours* — *Maximum Marks : 80*

*ਸਮਾਂ ੩ ਘੰਟੇ* — *ਅੰਕ 80*

| ਪ੍ਰਸ਼ਨ | ਕੁਲ ਅੰਕ | ਅੰਕ ਵੰਡ | ਸੰਕੇਤ ਨੋਟ |
|---|---|---|---|
| 1. **ਅਣਡਿੱਠਾ ਪੈਰਾ** | 9 | | |
| (ੳ) ਲੇਖਕ ਨੂੰ 1800 ਪ੍ਰਤੀਨਿਧਾਂ ਸਾਹਮਣੇ ਬੋਲਣ ਦਾ ਮੌਕਾ ਮਿਲਿਆ। | | 2 | ਵਿਦਿਆਰਥੀ ਇਸ ਪ੍ਰਸ਼ਨ ਦੇ ਉੱਤਰ ਸੂਝ-ਬੂਝ ਦੇ ਆਧਾਰ ਉੱਤੇ ਰਚਨਾਤਮਕ ਰੂਪ ਲਿਖ ਸਕਦੇ ਹਨ, ਜਿਵੇਂ ਪੈਰੇ ਵਿੱਚ ਸਤਰਾਂ ਦਿੱਤੀਆਂ ਹਨ, ਤਿਵੇਂ ਵੀ ਲਿਖ ਸਕਦੇ ਹਨ। |
| (ਅ) ਤਕਰੀਰ ਦਾ ਤਰਜ਼ਮਾ ਪੰਜਾਂ ਜੁਬਾਨਾਂ ਵਿੱਚ ਹੋਣਾ ਸੀ ਤੇ ਇਸਦਾ ਭਾਰ ਤਰਜਮ ਕਰਨ ਵਾਲੀਆਂ ਕੁੜੀਆਂ ਤੇ ਸੀ। | | 2 | |
| (ੲ) ਸਰੋਤਿਆਂ ਨੇ ਲੇਖਕ ਦੀ ਪ੍ਰਸ਼ੰਸਾ ਤਾਲੀਆਂ ਵਜਾ ਕੇ ਜੱਫ਼ੀ ਪਾ ਕੇ ਦਸਤਖ਼ਤ ਲੈ ਕੇ ਕੀਤੀ। | | 2 | |
| (ਸ) ਆਪਣੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਦੂਜੀਆਂ ਮਾਂ ਬੋਲੀਆਂ ਨਾਲ ਵੀ ਪਿਆਰ ਭਰਿਆ ਰਵੱਈਆ ਰੱਖਦੇ ਹਨ। | | 2 | |
| (ਹ) ਮਾਂ-ਬੋਲੀ | | 1 | |
| **ਕਾਵਿ ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨ ਦੇ** ਉੱਤਰ ਚੈਕ ਕੀਤੇ ਜਾਣ। | 6 | | |
| 1. ਕਿਤਾਬਾਂ ਪੜ੍ਹਨ ਨਾਲ ਗਿਆਨ ਵਿੱਚ ਵਾਧਾ ਹੁੰਦਾ ਹੈ। | | 2 | |
| 2. ਜਿਵੇਂ ਫੁੱਲਾਂ ਤੋਂ ਬਿਨਾਂ ਗਮਲਾ | | 2 | |
| 3. ਸਾਨੂੰ ਤੋਹਫ਼ੇ ਵਜੋਂ ਕਿਤਾਬਾਂ ਦਾ ਲੈਣ-ਦੇਣ ਕਰਨਾ ਚਾਹੀਦਾ ਹੈ। | | 2 | |
| 3. **ਵਿਆਕਰਨ** | 20 | | |
| ਸਮਾਸੀ ਸ਼ਬਦ | 4 | | |
| 1. ਰਹਿਣੀ-ਬਹਿਣੀ | | 1 | |
| 2. ਦੇਸ਼ ਦਾ ਭਗਤ | | 1 | |
| 3. ਆਪਣਾ-ਪਰਾਇਆ | | 1 | |
| 4. ਦੁੱਖ-ਸੁੱਖ | | 1 | |

| | | | |
|---|---|---|---|
| 4. **ਬਹੁਆਰਥਕ ਸਬਦ** | 4 | | |
| (ੳ) 1 (ਅ) 1 (ੲ) 3 (ਸ) 4 | | 1+1+1+1 | |
| 5. **ਕਿਰਿਆ ਵਿਸ਼ੇਸ਼ਣ** | 4 | | |
| (ੳ) 1 (ਅ) 2 (ੲ) 1 (ਸ) 3 | | 1+1+1+1 | |
| 6. **ਅਗੇਤਰ** | 2 | | |
| (ੳ) ਗ਼ੈਰਹਾਜ਼ਰ, ਗ਼ੈਰ-ਕਾਨੂੰਨੀ | | 1 | ਵਿਦਿਆਰਥੀ 'ਗ਼ੈਰ' ਅਤੇ 'ਹਮ' ਦੇ ਹੋਰ |
| ਹਮਉਮਰ, ਹਮਸ਼ਕਲ | | 1 | ਢੁਕਵੇਂ ਸ਼ਬਦ ਵੀ ਬਣਾ ਸਕਦੇ ਹਨ। |
| **ਪਿਛੇਤਰ** | 2 | | ਵਿਦਿਆਰਥੀ 'ਦਾਰੀ' ਅਤੇ 'ਮੰਦ' ਦੇ |
| (ਅ) ਦੁਕਾਨਦਾਰੀ, ਠੇਕੇਦਾਰੀ | | 1 | ਇਹਨਾਂ ਤੋਂ ਇਲਾਵਾ ਵੀ ਹੋਰ ਸਬਦ |
| ਖ਼ਤਰਨਾਕ, ਸ਼ਰਮਨਾਕ | | 1 | ਲਿਖ ਸਕਦੇ ਹਨ। |
| 7. **ਮੁਹਾਵਰੇ** | 4 | | ਜੇਕਰ ਵਿਦਿਆਰਥੀ ਵਾਕ ਵਿੱਚ ਅਰਥ |
| 1. ਬੁਰੀ ਤਰ੍ਹਾਂ ਹਰਾਉਣਾ | | 1 | ਨਹੀਂ ਦਸਦਾ ਪਰ ਵਾਕ ਸਹੀ ਲਿਖਦਾ |
| 2. ਅੱਗੇ ਵੱਧ ਕੇ ਜਾਨ ਜੋਖ਼ਮ ਵਿੱਚ ਪਾਉਣੀ | | 1 | ਹੈ ਤਾਂ ਸਹੀ ਉੱਤਰ ਹੋਣ ਤੇ ਪੂਰੇ ਅੰਕ |
| 3. ਕੋਈ ਅਸਰ ਨਾ ਹੋਣਾ | | 1 | ਦਿੱਤੇ ਜਾਣ। |
| 4. ਬਹੁਤ ਆਦਰ ਕਰਨਾ | | 1 | |
| 8. **ਨਾਨਕ ਦੁਖੀਆ ਸਭ ਸੰਸਾਰ** | 10 | | |
| * ਤੁਕ ਦਾ ਅਰਥ | | 2 | |
| * ਸੰਸਾਰ ਵਿੱਚ ਸਾਰੇ ਦੁਖੀ ਹਨ | | 2 | |
| * ਦੁੱਖਾਂ ਦਾ ਮੂਲ ਕਾਰਨ | | 2 | |
| * ਪ੍ਰਭੂ ਸਿਮਰਨ ਹੀ ਦੁੱਖਾਂ ਦਾ ਦਾਰੂ ਹੈ | | 2 | |
| * ਸਿੱਟਾ | | 2 | |
| **ਸਮੇਂ ਦੀ ਕਦਰ** | | | |
| * ਭੂਮਿਕਾ | | 2 | |

| | | |
|---|---|---|
| * ਸਾਡੀਆਂ ਆਦਤਾਂ | 2 | |
| * ਵੱਡੇ ਵਿਅਕਤੀਆਂ ਦੇ ਮਹਾਨ ਬਣਨ ਦਾ ਰਾਜ | 2 | |
| * ਸਮਾਂ ਨਸ਼ਟ ਕਰਨ ਦੇ ਨੁਕਸਾਨ | | |
| * ਸਿੱਟਾ | 2 | |
| **'ਜੀਵਨ ਵਿੱਚ ਕੰਪਿਊਟਰ ਅਤੇ ਇੰਟਰਨੈਟ ਦੀ ਭੂਮਿਕਾ'**<br>* ਕੰਪਿਊਟਰ ਅਤੇ ਇੰਟਰਨੈਟ ਕੀ ਹੈ? | 2 | |
| * ਇੰਟਰਨੈਟ ਦਾ ਪਾਸਾਰ | 2 | |
| * ਫਾਇਦੇ ਅਤੇ ਨੁਕਸਾਨ | 2 | |
| * ਆਧੁਨਿਕ ਜੀਵਨ ਦੀ ਲੋੜ | 2 | |
| * ਨਤੀਜਾ | 2 | |

| | | |
|---|---|---|
| **9. ਟੈਲੀਵਿਜਨ ਕੇਂਦਰ ਦੇ ਡਾਇਰੈਕਟਰ** 8<br>ਪ੍ਰੀਖਿਆ ਭਵਨ<br>………ਕੇਂਦਰ,<br>………ਸ਼ਹਿਰ,<br>ਮਿਤੀ।<br>ਸੇਵਾ ਵਿਖੇ<br>ਡਾਇਰੈਕਟਰ<br>…………………<br><br>ਵਿਸ਼ਾ –<br>…………………………………<br>…………………………………<br>…………………………………<br>ਧੰਨਵਾਦ<br>ਆਪ ਜੀ ਦਾ ਸ਼ੁੱਭਚਿੰਤਕ/ਹਿਤੂ<br>ਵਿਸ਼ਵਾਸ਼ਪਾਤਰ<br>ੳ, ਅ, ੲ | <br><br><br><br><br>2<br><br><br><br>4<br><br><br><br><br>2 | <br><br><br><br><br>ਆਰੰਭ |
| **ਜਨਮ ਦਿਨ ਤੇ ਤੋਹਫ਼ੇ ਲਈ ਧੰਨਵਾਦ**<br>ਪ੍ਰੀਖਿਆ ਭਵਨ<br>….ਸ਼ਹਿਰ<br>ਮਿਤੀ।<br><br>ਸਤਿਕਾਰਯੋਗ ਚਾਚਾ ਜੀ<br>ਸਤਸ੍ਰੀ ਅਕਾਲ<br>…………………………<br>…………………………<br>…………………………<br>ਦਿਲੋਂ ਧੰਨਵਾਦ<br>ਤੁਹਾਡਾ ਭਤੀਜਾ/ਭਤੀਜੀ<br>ੳ, ਅ, ੲ | | |

| | | | |
|---|---|---|---|
| 10. **ਕਾਰ ਖਰੀਦਣ** ਦੇ ਚਾਹਵਾਨ ਸੰਪਰਕ ਕਰਨ | 7 | | |
| ਇਸ਼ਤਿਹਾਰ ਲਈ ਬਣਿਆ ਬਾਕਸ ਜਾਂ ਹੱਦਬੰਦੀ | | 1 | |
| ਸਿਰਲੇਖ/ਦਿਲਚਸਪ ਵਿਸ਼ਾ ਸਮੱਗਰੀ | | 1 | |
| ਆਪਣੀ ਕਾਰ, ਆਪਣੀ ਸ਼ਾਨ | | 4 | |
| ਨਾਮ, ਫੋਨ ਨੰਬਰ/ਪਤਾ | | | |
| ੳ, ਅ, ੲ | | 1 | |
| 2. ਹੇਠਾਂ ਦਿਤੀ ਤਸਵੀਰ ਨੂੰ ਪਛਾਣੋ ਅਤੇ 50 ਸ਼ਬਦਾਂ ਦਾ ਨੋਟ ਲਿਖੋ | | | ਤਸਵੀਰ ਨੂੰ ਦੇਖ ਕੇ ਵਿਦਿਆਰਥੀ ਆਪਣੀ ਸਮਝ ਦੇ ਅਨੁਸਾਰ ਲਿਖੇਗਾ। ਵਿਸ਼ੇ ਨਾਲ ਸੰਬੰਧਤ ਹੋਣ ਤੇ ਵਿਦਿਆਰਥੀ ਨੂੰ ਬਣਦੇ ਅੰਕ ਦਿੱਤੇ ਜਾਣ। |
| 11. **ਪਾਠ ਪੁਸਤਕਾਂ ਤੇ ਅਧਾਰਿਤ ਪ੍ਰਸ਼ਨ** | | | |
| **ਅਤਿ ਛੋਟੇ ਪ੍ਰਸ਼ਨ (ਬਹੁਵਿਕਲਪੀ)** | 4 | | |
| (1) (ਸ) ਪੋਲੀਓ | | 1 | |
| (2) (ੲ) ਕੈਰਮ ਬੋਰਡ | | 1 | |
| (3) (ੲ) ਸਲੇਟੀ ਰੰਗ ਦੇ | | 1 | |
| (4) (ਅ) ਥਏਨੀਨ | | 1 | |
| 12. **ਛੋਟੇ ਪ੍ਰਸ਼ਨ (ਇੱਕ ਵਾਕ ਵਾਲੇ)** | | | |
| (1) ਜਵਾਨ ਬਲਦ | | 1 | |
| (2) ਸਿੱਖੀ ਦੀ ਜੋਤ | | 1 | |
| (3) ਸ਼ਾਮ ਦਾਸ | | 1 | |
| (4) ਦੋ | | 1 | |
| 13. 25 ਤੋਂ 30 **ਸ਼ਬਦਾਂ ਵਾਲੇ ਉੱਤਰ** | 6 | | |
| (1) ਸੱਪ ਜਮਾਤ ਦੇ ਕਮਰੇ ਦੇ ਬਾਹਰ ਉੱਗੀ ਹੋਈ ਘਾਹ ਵਿੱਚੋਂ ਨਿਕਲ ਕੇ ਖਿੜਕੀ ਦੇ ਰਾਹੀਂ ਦਾਖਲ ਹੋਇਆ। | | 2 | ਵਿਦਿਆਰਥੀ ਇਸ ਪ੍ਰਸ਼ਨ ਦੇ ਉੱਤਰ ਸੂਝ-ਬੂਝ ਦੇ ਆਧਾਰ ਉੱਤੇ ਰਚਨਾਤਮਕ ਰੂਪ ਲਿਖ ਸਕਦੇ ਹਨ। |
| (2) ਧਰਮ ਬਾਰੇ ਡਾਕਟਰ ਅਬਦੁਲ ਕਲਾਮ ਦੇ ਵਿਚਾਰ ਸਨ ਕਿ ਮਹਾਨ ਲੋਕਾਂ ਧਰਮ ਦੋਸਤ ਬਣਾਉਣ ਦਾ ਸਾਧਨ ਹੈ। ਉਨ੍ਹਾਂ ਨੇ ਇਹ ਗੱਲ ਜ਼ੋਰ ਨਾਲ ਚੁੱਕੀ ਕਿ ਕਿਸੇ ਵੀ ਧਰਮ ਵਿੱਚ ਆਪਣੇ ਧਰਮ ਨੂੰ ਬਰਕਰਾਰ ਰੱਖਣ ਲਈ ਦੂਜਿਆਂ ਨੂੰ ਮਾਰਨਾ ਨਹੀਂ ਦੱਸਿਆ ਗਿਆ। ...................... | | 2 | |

| | | | |
|---|---|---|---|
| (3) ਇੰਡੋ-ਪਾਕਿ ਮੀਟ ਲਾਹੌਰ ਦੀ ਅਥਲੀਟ ਜਿੱਤਣ ਤੋਂ ਬਾਅਦ ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦਾ ਖਿਤਾਬ ਦਿੱਤਾ ਗਿਆ। | | 2 | |
| 14. **ਵੱਡੇ ਉੱਤਰਾਂ ਵਾਲੇ** (50 ਤੋਂ 60) **ਸ਼ਬਦਾਂ ਦੇ**<br>ਭਗਤਾਂ ਅਤੇ ਕਿੱਸਾਕਾਰਾਂ ਨੇ ਇਸ ਭਾਸ਼ਾ ਵਿੱਚ ਰਚਨਾ ਕੀਤੀ। ਕੁਝ ਅਜਿਹੇ ਲੋਕ ਵੀ ਹਨ ਜੋ ਇਸ ਬੋਲੀ ਤੋਂ ਰੋਟੀ ਖਾਂਦੇ ਹਨ ਪਰ ਘਰਾਂ ਵਿੱਚ ਅੰਗਰੇਜ਼ੀ ਬੋਲਦੇ ਹਨ। ਕਈਆਂ ਨੂੰ ਦੁੱਖ ਹੈ ਕਿ ਸਰਕਾਰੀ ਦਫ਼ਤਰਾਂ ਵਿੱਚ ਪੰਜਾਬੀ ਨੂੰ ਇੱਜ਼ਤ ਨਹੀਂ ਮਿਲਦੀ। ਪੰਜਾਬੀ ਦੀ ਖੁਸ਼ਬੋ ਦੁਨੀਆਂ ਭਰ ਵਿੱਚ ਫੈਲੀ ਹੈ। ਕਵੀ ਪੰਜਾਬੀ ਨੂੰ ਅਸੀਸ ਦਿੰਦਾ ਹੈ ਕਿ ਇਸ ਦਾ ਜਹਾਨ ਵਿੱਚ ਮਾਣ ਵਧੇ। ਕਵੀ ਨੂੰ ਅਫਸੋਸ ਹੈ ਕਿ ਲੱਚਰ ਕਿਸਮ ਦੇ ਗੀਤਾਂ ਨੇ ਪੰਜਾਬੀ ਦੀ ਸ਼ਾਖ ਮੈਲੀ ਕੀਤੀ ਹੈ। ਕਵੀ ਦੱਸਦਾ ਹੈ ਕਿ ਉਸ ਹੋਂਦ ਪੰਜਾਬੀ ਦਾ ਹੀ ਵਰਦਾਨ ਹੈ।<br>**ਜਾਂ**<br>ਹੰਕਾਰੀ ਮਨੁੱਖ ਨੂੰ ਹਮੇਸ਼ਾ ਨਜ਼ਰ ਅੰਦਾਜ਼ ਕਰਨਾ ਚਾਹੀਦਾ ਹੈ। ਚਾਰ ਬੰਦਿਆਂ ਵਿੱਚ ਖੜੇ ਹੰਕਾਰੀ ਵਿਅਕਤੀ ਨੂੰ ਅਣਦੇਖਾ ਕਰਕੇ ਜਾਂ ਸਿਰਫ਼ ਕੋਲੋਂ ਹਟਕੇ ਅੱਗੇ ਵਧਿਆ ਜਾ ਸਕਦਾ ਹੈ। ਹੰਕਾਰੇ ਅਫਸਰ ਨਾਲ ਬਹਿਸ ਕਰਨ ਨਾਲੋਂ ਚੁੱਪ-ਚਾਪ ਉਸ ਦੇ ਕਮਰੇ 'ਚੋਂ ਬਾਹਰ ਆਉਣਾ ਵੀ ਉਸ ਨੂੰ ਸੋਚਣ ਲਈ ਮਜ਼ਬੂਰ ਕਰ ਸਕਦਾ। ਹੰਕਾਰੇ ਅਫ਼ਸਰ ਦੀ ਕਮਜ਼ੋਰੀ ਲੱਭ ਕੇ ਉਸ ਦੀ ਫੋਕੀ ਆਕੜ ਤੋਂ ਵੀ ਬਚਿਆ ਜਾ ਸਕਦਾ ਹੈ। | 3 | 3 | ਵਿਦਿਆਰਥੀ ਇਸ ਪ੍ਰਸ਼ਨ ਦੇ ਉੱਤਰ ਸੂਝ-ਬੂਝ ਦੇ ਆਧਾਰ ਉੱਤੇ ਰਚਨਾਤਮਕ ਰੂਪ ਲਿਖ ਸਕਦੇ ਹਨ। |
| **15.** ਬੇਬੇ ਰਾਮ ਭਜਨੀ ਦਾ ਚਰਿੱਤਰ ਚਿਤਰਣ<br>ਬੇਬੇ ਰਾਮ ਭਜਨੀ ਧਾਰਮਕ ਵਿਚਾਰਾਂ ਵਾਲੀ ਔਰਤ ਹੈ ਜਿਸ ਦਾ ਪਤੀ ਸ਼ਰਾਬੀ ਹੈ। ਉਹ ਪੂਜਾ ਪਾਠ ਵਿੱਚ ਵਿਸ਼ਵਾਸ ਕਰਦੀ ਹੈ। ਬੇਬੇ ਰਾਮ ਭਜਨੀ ਆਪਣੇ ਇਕੋ-ਇਕ ਪੁੱਤਰ ਦੀ ਬਚਪਨ ਵਿੱਚ ਮੌਤ ਹੋ ਜਾਣ ਕਾਰਨ ਸੰਸਾਰ ਤੋਂ | | 3 3 | ਵਿਦਿਆਰਥੀ ਇਸ ਪ੍ਰਸ਼ਨ ਦੇ ਉੱਤਰ ਸੂਝ-ਬੂਝ ਦੇ ਆਧਾਰ ਉੱਤੇ ਰਚਨਾਤਮਕ ਰੂਪ ਲਿਖ ਸਕਦੇ ਹਨ। |

| | | | |
|---|---|---|---|
| ਉਪਰਾਮ ਹੋ ਚੁੱਕੀ ਹੈ। ਉਹ ਆਪਣੇ ਪਤੀ ਦੀਆਂ ਬੁਰੀਆਂ ਆਦਤਾਂ ਤੋਂ ਬਹੁਤ ਦੁਖੀ ਹੈ। ਉਸ ਨੂੰ ਇਹ ਚਿੰਤਾ ਹੈ ਕਿ ਉਹ ਘਰ ਦੀ ਕੀਮਤੀ ਚੀਜ਼ਾਂ ਇੰਝ ਹੀ ਗੁਆ ਦੇਵੇਗਾ। ਇਸ ਹਾਲਤ ਵਿੱਚ ਉਹ ਇਕ ਸਾਧੂ ਅਤੇ ਪਾਂਧੇ ਨੂੰ ਘਰ ਦੀਆਂ ਕੀਮਤੀ ਵਸਤਾਂ ਦਾਨ ਕਰ ਦਿੰਦੀ ਹੈ।<br>**ਜਾਂ**<br>ਬੇਬੇ ਰਾਮ ਭਜਨੀ ਇਕਾਂਗੀ ਦੇ ਵਿਸ਼ੇ ਵਸਤੂ ਵਿੱਚ ਸਮਾਜਕ ਕਰਮਕਾਂਡ, ਵਹਿਮ-ਭਰਮ, ਧਾਰਮਕ ਪਾਖੰਡ ਅਤੇ ਸ਼ਰਾਬ ਜੂਏ ਵਰਗੀਆਂ ਸਮਾਜਕ ਬੁਰਾਈਆਂ ਉੱਤੇ ਵਿਅੰਗ ਕੀਤਾ ਹੈ। ਬੇਬੇ ਰਾਮ ਭਜਨੀ ਵਹਿਮ ਦੀ ਸ਼ਿਕਾਰ ਹੈ ਕਿ ਦਾਨ ਪੁੰਨ ਕਰਨ ਨਾਲ ਆਪਣਾ ਜੀਵਨ ਸਫ਼ਲ ਹੋ ਜਾਂਦਾ ਹੈ। ਇਸੇ ਲਈ ਉਹ ਘਰ ਦੀਆਂ ਸਾਰੀਆਂ ਕੀਮਤੀ ਵਸਤਾਂ ਪਾਂਧੇ ਅਤੇ ਸਾਧੂ ਨੂੰ ਦਾਨ ਕਰ ਦਿੰਦੀ ਹੈ। | | | |
| | | | |